ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

ਨੁੱਕਰ ਨਾਟਕ ਦੇ ਨਵੇਂ ਰੂਪ: ਨੁੱਕਰ ਨਾਟਕ ਦੀ ਵਿਧਾ ਰਾਜਸੀ ਚੇਤਨਾ ਲਈ ਇਕ ਸ਼ਕਤੀਸ਼ਾਲੀ ਹਥਿਆਰ ਹੈ। ਨੁੱਕਰ ਨਾਟਕ ਦੇ ਵੱਖ ਵੱਖ ਰੂਪ ਸਮੇਂ ਅਨੁਸਾਰ ਹੋਂਦ ਵਿਚ ਆਂਦੇ ਰਹੇ ਹਨ। ਰਾਸ ਲੀਲਾ ਤੇ ਭੰਡਾਂ ਦਾ ਤਮਾਸ਼ਾ ਵੀ ਨੁੱਕਰ ਨਾਟਕ ਦਾ ਇਕ ਰੂਪ ਕਹੇ ਜਾ ਸਕਦੇ ਹਨ। ਯੌਰਪ ਵਿਚ ਸਟਰੀਟ ਥੀਏਟਰ ਦੂਜੀ ਵੱਡੀ ਜੰਗ ਤੋਂ ਬਾਅਦ ਮਕਬੂਲ ਹੋਇਆ ਜਦੋਂ ਕੁਝ ਚੇਤਨ ਲੋਕਾਂ ਨੇ ਜੰਗ ਵਿਰੋਧੀ ਨੁੱਕਰ ਨਾਟਕ ਕੀਤੇ ਅਤੇ ਇਸ ਵਿਧਾ ਰਾਹੀਂ ਲੋਕਾਂ ਵਿਚ ਜੰਗ ਵਿਰੋਧੀ ਲਾਮਬੰਦੀ ਕੀਤੀ। ਹਾਕਮਾਂ ਦੀਆਂ ਫਾਸ਼ੀ ਰੁਚੀਆਂ ਉਤੇ ਉਨ੍ਹਾਂ ਨੇ ਆਪਣੇ ਨਾਟਕਾਂ ਵਿਚ ਵਿਅੰਗ ਕੱਸੇ। ਸਾਡੇ ਦੇਸ਼ ਵਿਚ ਇਹ ਵਿਧਾ ਅੱਜ ਦੇ ਵਕਤਾਂ ਵਿਚ 70ਵੇਂ ਦੇ ਅੱਧ ਵਿਚ ਮਕਬੂਲ ਹੋਈ, ਜਦੋਂ ਦੇਸ਼ ਵਿਚ ਐਮਰਜੈਂਸੀ ਲੱਗੀ। ਨਾਟਕਕਾਰਾਂ ਨੇ ਇਸ ਵਿਧਾ ਨੂੰ ਜਮਹੂਰੀਅਤ ਦੀ ਰਾਖੀ ਲਈ, ਸਮਾਜਿਕ ਨਿਆਂ ਦੀ ਕਾਇਮੀ ਲਈ ਤੇ ਔਰਤਾਂ ਉਤੇ ਹੋ ਰਹੇ ਅਤਿਆਚਾਰ ਵਿਰੁਧ ਲਾਮਬੰਦੀ ਲਈ ਵੱਡੇ ਪੈਮਾਨੇ 'ਤੇ ਵਰਤੋਂ ਵਿਚ ਲਿਆਂਦਾ। ਸੱਫਦਰ ਹਾਸ਼ਮੀ ਨੁੱਕਰ ਨਾਟਕ ਖੇਤਰ ਵਿਚ ਇਕ ਸਥਾਪਤ ਹਸਤਾਖਰ ਸੀ। ਉਹਦੀ ਸ਼ਹਾਦਤ ਵੀ ਇਕ ਨੁੱਕਰ ਨਾਟਕ ਦੀ ਪੇਸ਼ਕਾਰੀ ਦੇ ਦਰਮਿਆਨ ਹੋਈ।

ਪੰਜਾਬ ਵਿਚ ਨੁੱਕਰ ਨਾਟਕ ਸਮੁੱਚੀ ਨਾਟਕ ਸਰਗਰਮੀਆਂ ਦੇ ਭਾਗ ਹਨ। ਇਹ ਨਾਟਕ ਭਾਵੇਂ ਕਿਸੇ ਥੜ੍ਹੇ 'ਤੇ ਕੀਤੇ ਜਾਂਦੇ ਹਨ, ਜਾਂ ਗਲੀਆਂ ਬਾਜ਼ਾਰਾਂ ਵਿਚ ਕੀਤੇ ਜਾਂਦੇ ਹਨ, ਬੜੀ ਬਾਕਾਇਦਗੀ ਨਾਲ ਕੀਤੇ ਜਾਂਦੇ ਹਨ। ਚੰਡੀਗੜ੍ਹ, ਪਟਿਆਲਾ, ਮਾਨਸਾ, ਹੁਸ਼ਿਆਰਪੁਰ ਤੇ ਅੰਮ੍ਰਿਤਸਰ ਇਸ ਵਿਧਾ ਦੇ ਕੇਂਦਰ ਕਹੇ ਜਾ ਸਕਦੇ ਹਨ। ਦੇਸ਼ ਵਿਚ ਜਿਸ ਤਰ੍ਹਾਂ ਘੁਟਾਲੇ 'ਤੇ ਘੁਟਾਲੇ ਹੋ ਰਹੇ ਹਨ ਅਤੇ ਵੱਡੇ ਤੋਂ ਵੱਡੇ ਲੀਡਰ ਇਨ੍ਹਾਂ ਘੁਟਾਲਿਆਂ ਦੇ ਭਾਗੀਦਾਰ ਹਨ, ਇਹ ਵਿਸ਼ਾ ਨੁੱਕਰ ਨਾਟਕ ਲਈ ਬੜਾ ਢੁਕਵਾਂ ਵਿਸ਼ਾ ਹੈ। ਇਨ੍ਹਾਂ ਘੁਟਾਲਿਆਂ ਵਿਚ ਕਰੋੜਾਂ ਦੀ ਰਕਮ ਕੁਰਸੀ 'ਤੇ ਬੈਠੇ ਹਾਕਮਾਂ ਵਲੋਂ ਖੁਰਦ-ਬੁਰਦ ਕਰ ਦਿੱਤੀ ਗਈ ਹੈ। ਛਿੱਲ ਸਾਧਾਰਨ ਬੰਦੇ ਦੀ ਲੱਥੀ ਹੈ। ਉਹਨੂੰ ਜੀਣ ਦੀਆਂ ਸਹੂਲਤਾਂ ਤੋਂ ਵਾਂਝਿਆਂ ਰੱਖਿਆ ਗਿਆ ਹੈ। ਫਿਰ ਲੋਕ ਕਰਨ ਕੀ? ਨੁੱਕਰ ਨਾਟਕ ਵਿਚ ਲੋਕਾਂ ਨੂੰ ਸਿੱਧੀ ਦਿਸ਼ਾ ਦੇਣ ਦੀ ਸੰਭਾਵਨਾ ਵੀ ਹੈ ਤੇ ਸ਼ਕਤੀ ਵੀ ਹੈ। ਉਹ ਲੋਕ, ਜੋ ਵੋਟ ਦੇਣ ਲਈ ਹੱਥਾਂ ਵਿਚ ਮੋਹਰਾਂ ਫੜ ਸਕਦੇ ਹਨ, ਉਹ ਰੋਹ ਵਿਚ ਉਨ੍ਹਾਂ ਹੱਥਾਂ ਵਿਚ ਪੱਥਰ ਵੀ ਫੜ ਸਕਦੇ ਹਨ। ਪਾਸ਼ ਦੀ ਇਕ ਕਵਿਤਾ ਅਨੁਸਾਰ ਹੱਥ ਸਿਰਫ ਚੂਰੀਆਂ ਖਵਾਉਣ ਜੋਗੇ ਨਹੀਂ ਹੁੰਦੇ, ਗਿੱਚੀਆਂ ਮਰੋੜਨ ਲਈ ਵੀ ਹੁੰਦੇ ਹਨ। ਹੱਥ ਸਿਰਫ ਚਮਚਾਗਿਰੀ ਲਈ ਲੀਡਰਾਂ ਦੇ ਗਲਾਂ ਵਿਚ ਹਾਰ ਪਾਉਣ ਜੋਗੇ ਨਹੀਂ ਹੁੰਦੇ, ਉਹ ਜਿਨ੍ਹਾਂ ਦੇ ਗਲ ਲਾਹੁਣ ਲਈ ਵੀ ਹੋ ਸਕਦੇ ਹਨ। ਬਹੁਤ ਐਨਆਰਕੀ ਜਾਂ ਲਾਕਾਨੂੰਨੀ ਇਨ੍ਹਾਂ ਲੀਡਰਾਂ ਨੇ ਫੈਲਾਈ ਹੈ, ਲੋਕ ਵੀ ਥੋੜ੍ਹੀ ਜਿਹੀ ਐਨਆਰਕੀ ਦਿਖਾਉਂਦੇ ਹੋਏ ਰੋਹ ਵਿਚ ਸੜਕਾਂ 'ਤੇ ਆਉਣ ਦੇ ਹੱਕਦਾਰ ਹਨ।

ਨੁੱਕਰ ਨਾਟਕ ਵਿਚ ਪਾਤਰਾਂ ਦਾ ਮਖੌਟੇ ਪਾ ਕੇ ਸਪਸ਼ਟ ਤੌਰ 'ਤੇ ਗੱਲ ਕਹਿਣ ਦਾ ਅੰਦਾਜ਼ ਜਾਂ ਰੁਝਾਨ ਨੁੱਕਰ ਨਾਟਕ ਵਿਧਾ ਵਿਚ ਨਵੀਂ ਕਾਢ ਜਾਂ ਨਵਾਂ ਪੜਾਅ ਹੈ। ਪਹਿਲਾਂ ਬਹੁਤ ਕੁਝ ਮਾਈਮ ਜਾਂ ਨਕਲ ਰਾਹੀਂ ਕੀਤਾ ਜਾਂਦਾ ਸੀ, ਹੁਣ ਇਹ ਬਗੈਰ ਕਿਸੇ ਲੁਕ ਲੁਕਾ ਦੇ ਕੀਤਾ ਜਾ ਰਿਹਾ ਹੈ। ਕਲਾ ਦੇ ਰਵਾਇਤੀ ਆਲੋਚਕ ਸ਼ਾਇਦ ਇਸ ਰੁਝਾਨ ਨੂੰ ਪ੍ਰਵਾਨਗੀ ਨਾ ਦੇਣ, ਉਹ ਇਸ ਨੂੰ ਨਾਅਰੇਬਾਜ਼ੀ ਵੀ ਆਖ ਸਕਦੇ ਹਨ, ਪਰ ਜਿਸ ਨਿਘਾਰ ਵਿਚ ਸਾਡਾ ਸਮਾਜ ਪੁੱਜ ਚੁੱਕਾ ਹੈ, ਇਹਦੇ ਵਿਰੁਧ ਗੱਲ ਕਰਨ ਲਈ ਹੁਣ ਲੁਕ ਲੁਕਾ ਰੱਖਣਾ ਵਾਜਬ ਨਹੀਂ।

ਜੋ ਕੁਝ ਕਰਨਾ ਹੈ, ਖੁੱਲ੍ਹ ਕੇ ਕਰਾਂਗੇ
ਜੋ ਕੁਝ ਕਹਿਣਾ ਹੈ, ਸਪਸ਼ਟ ਕਹਾਂਗੇ।

ਨੁੱਕਰ ਨਾਟਕ ਦੇ ਇਸ ਰੁਝਾਨ ਨੂੰ ਜੀ ਆਇਆਂ ਆਖਣਾ ਬਣਦਾ ਹੈ।

ਹੇਮ ਜਯੋਤੀ ਦੀਆਂ ਚੋਣਵੀਆਂ ਲਿਖਤਾਂ-ਇਹ ਇਤਿਹਾਸਕ ਦਸਤਾਵੇਜ਼: 28 ਜੁਲਾਈ, 1996 'ਹੇਮ ਜਯੋਤੀ' ਦੀਆਂ ਚੋਣਵੀਆਂ ਲਿਖਤਾਂ ਦੀ ਇਕ ਜਿਲਦ ਲੁਧਿਆਣਾ ਵਿਖੇ ਰਿਲੀਜ਼ ਕੀਤੀ ਗਈ। ਇਨ੍ਹਾਂ ਚੋਣਵੀਆਂ ਲਿਖਤਾਂ ਨੂੰ ਇਕੱਠਿਆਂ ਕਰਨ ਦੀ ਜ਼ਿੰਮੇਵਾਰੀ ਅਤਰਜੀਤ ਨੇ ਨਿਭਾਈ ਹੈ। ਹੇਮ ਜਯੋਤੀ 1968 ਤੋਂ 1975 ਤਕ ਜਾਰੀ ਰਿਹਾ। ਚੋਣਵੀਆਂ ਲਿਖਤਾਂ ਦੀ ਇਹ ਕਿਤਾਬ ਪੰਜਾਬੀ ਸਾਹਿਤ ਦੀ ਇਕ ਇਤਿਹਾਸਕ ਅਤੇ ਸਾਂਭਣ ਜੋਗੀ ਦਸਤਾਵੇਜ਼ ਹੈ।

ਇਹ ਜਿਥੇ ਸੁਰੇਂਦਰ ਨੂੰ ਬਹੁਤ ਹੀ ਲਾਇਕ ਅਤੇ ਸੂਝਵਾਨ ਸੰਪਾਦਕ ਸਥਾਪਤ ਕਰਦਾ ਹੈ, ਉਥੇ ਇਹ ਬੜੀਆਂ ਹੀ ਮਹੱਤਵਪੂਰਨ ਲਿਖਤਾਂ ਨੂੰ ਸਾਂਭਦਾ ਹੈ। ਸੁਰੇਂਦਰ ਦੀਆਂ ਸੰਪਾਦਕੀਆਂ ਦੀ ਕੁਝ ਟੂਕਾਂ ਅਮਰ ਹੋਣ ਦੀ ਸੰਭਾਵਨਾ ਰਖਦੀਆਂ ਹਨ। ਉਹ ਸੰਵਾਦ ਛੇੜਦੀਆਂ ਹਨ। ਕ੍ਰਾਂਤੀਸ਼ੀਲ ਲੇਖਕਾਂ ਦਾ ਕਾਫਲਾ ਤੁਰ ਪਿਆ ਹੈ। ਗੁਰੂ ਗੋਬਿੰਦ ਸਿੰਘ ਤੋਂ ਬਾਅਦ ਪਹਿਲੀ ਵਾਰ ਪੰਜਾਬੀ ਕਲਮ ਇੰਨੀ ਹਰਕਤ ਵਿਚ ਆਈ ਹੈ। ਸਾਨੂੰ ਹੋਰ ਜ਼ਿਆਦਾ ਚੌਕਸ ਤੇ ਸੁਚੇਤ ਹੋਣ ਦੀ ਲੋੜ ਹੈ। ਇਸ ਕਾਫਲੇ ਵਿਚ ਉਨ੍ਹਾਂ ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ ਜੋ ਸਿਰਫ ਸਥਾਪਤੀ ਦੇ ਚੱਕਰ ਵਿਚ, ਮੌਕਾ-ਸ਼ਨਾਸੀ ਜਾਂ ਫੈਸ਼ਨ ਦੇ ਤੌਰ 'ਤੇ ਨਾਲ ਜੁੜਨਾ ਲੋਚਦੇ ਹਨ। ਕੇਵਲ ਬਾਹਵਾਂ ਉਲਾਰਨ ਵਾਲਿਆਂ ਦੀ ਲੋੜ ਨਹੀਂ। ਤੁਰ ਰਹਿਆਂ ਨਾਲ ਤੁਰਨਾ ਹੈ। ਆਪਣੇ ਪੈਰ ਸੰਘਰਸ਼ ਵਿਚ ਜੋੜਨੇ ਹਨ। ਜੋ ਲਿਖਣਾ ਹੈ, ਆਪ ਜੀ ਕੇ ਲਿਖਣਾ ਹੈ। ਮੌਤ ਦੇ ਅਰਥ ਕਬੂਲ ਕੇ ਤੁਰਨਾ ਹੈ ਕਿਉਂਕਿ 'ਜਿਉਣ ਦੀ ਖੁਸ਼ੀ ਵਿਚ ਮੌਤ ਦੀ ਅਟਲਤਾ ਵੀ ਸ਼ਾਮਲ ਹੁੰਦੀ ਹੈ।''

ਚੋਣਵੀਆਂ ਲਿਖਤਾਂ ਦੀ ਇਹ ਕਿਤਾਬ 1996 ਦੀ ਪੰਜਾਬੀ ਸਾਹਿਤ ਨੂੰ ਖਾਸ ਦੇਣ ਹੈ।